# 2003 CONTRATTO METALMECCANICI

FIOM

## I PUNTI FONDAMENTALI DELLA PIATTAFORMA

ਜਿਵੇ ਕੇ ਆਪ ਸਭ ਨੂੰ ਪਤਾ ਹੀ ਹੋਵੇਗਾ ਕੇ ਇਟਲੀ ਵਿੱਚ ਲੋਹੇ ਦਾ ਕੰਮ ਕਰਨ ਵਾਲਿਆ ( ਮੇਤਲਮਕੈਨਕਾਂ ) ਦਾ ਕੋਨਟਰੇਕਟ ਆਉਣ ਵਾਲੇ ਸਾਲ ਵਿੱਚ ਨੀਊ ਕਰਵਾਇਆ ਜਾਵੇਗਾ । ਇਸ ਕਰਕੇ ਹੇਠ ਲਿਖੀਆਂ ਮੰਗਾਂ ਰੱਖੀਆ ਗਈਆਂ ਹੰਨ । ਜਿਨਾ ਵਾਰੇ ਆਪ ਸਾਰੇ ਲੋਹੇ ਦਾ ਕੰਮ ਕਰਨ ਵਾਲਿਆ ਦੀਆ ਫੈਕਟਰੀਆ ਵਿੱਚ ਆਪਣੀ ਵੋਟ ਦੁਆਰਾ ਇਹ ਦੱਸ ਸਕਦੇ ਹੋ ਕੇ ਆਪ ਦੀ ਇਨਾ ਮੰਗਾਂ ਵਾਰੇ ਕੀ ਸੋਚਣੀ ਹੈ । ਇਹ ਮੰਗਾਂ ਹੇਠ ਲਿਖੇ ਅਨੁਸਾਰ ਹੰਨ ।

- ਫੈਕਟਰੀਆਂ ਦੇ ਮਾਲਕਾ ਲਈ ਇਹ ਜਰੂਰੀ ਹੋਵੇ ਕੇ ਉਹ ਵੱਧ ਤੋ ਵੱਧ ਅੱਠ ਮਹੀਨੇ ਦਾ ਕੋਨਟਰੈਕਟ ਕਰਨ ਤੋ ਬਾਅਦ ਹਰ ਕੰਮ ਕਰਨ ਵਾਲੇ ਦਾ ਖੁੱਲਾ ਕੋਨਟਰੈਕਟ ਕਰਿਆ ਕਰਨ ।
- ਕਿਸੇ ਵੀ ਕੰਮ ਕਰਨ ਵਾਲੇ ਨੂੰ ਫੈਕਟਰੀ ਵਿੱਚੋ ਕੱਢਣ ਤੋ ਪਹਿਲਾ ਉਸ ਦੀ ਮੱਦਦ ਕਰਨ ਲਈ ਹਰ ਤਰਾਂ ਦੀ ਸਹੂਲਤ ਦਿੱਤੀ ਜਾਵੇ ਅਤੇ ਫੈਕਟਰੀ ਵਿੱਚ ਕੰਮ ਘਟਣ ਦੀ ਹਾਲਤ ਵਿੱਚ ਸਾਰਿਆ ਦਾ ਵਾਰੀ ਵਾਰੀ ਕਾਸਾ ਇਨਤੇਗਰਾਸਿਓਨੇ ਕੀਤਾ ਜਾਵੇ ।
- ਜਿਹੜੇ ਸ਼ਿਫਟਾ ਵਿੱਚ ਕੰਮ ਕਰਦੇ ਹੰਨ ਉਨਾ ਦੇ ਕੰਮ ਦੇ ਘੰਟੇ ਘਟਾਏ ਜਾਣ ।
- ਹਰ ਕੰਮ ਕਰਨ ਵਾਲੇ ਨੂੰ ਇਹ ਸਹੂਲਤ ਦਿੱਤੀ ਜਾਵੇ ਕੇ ਉਹ ਕੰਮ ਕਰਨ ਵਿੱਚ ਮਾਹਿਰ ਹੋ ਸਕੇ ਅਤੇ ਉਸ ਨੂੰ ਉਸ ਦੇ ਹੱਕਾਂ ਦੀ ਪੂਰੀ ਜਾਣਕਾਰੀ ਦਿੱਤੀ ਜਾਵੇ ।
- ਕੰਮ ਕਰਨ ਵਾਲਿਆ ਦੀ ਤੰਦਰੁਸਤੀ ਦਾ ਅਤੇ ਸਿਹਤ ਦਾ ਪੂਰਾ ਖਿਆਲ ਰੱਖਿਆ ਜਾਵੇ, ਅਤੇ ਫੈਕਟਰੀ ਵਿੱਚ ਸਾਵਧਾਨੀ ਨਾਲ ਕੰਮ ਕਰਨ ਵਾਰੇ ਜਾਣਕਾਰੀ ਦਿੱਤੀ ਜਾਵੇ ।
- ਸਾਰੇ ਕੰਮ ਕਰਨ ਵਾਲਿਆ ਨੂੰ ਇਹ ਅਧਿਕਾਰ ਦਿੱਤਾ ਜਾਵੇ ਕੇ ਉਹ ਪੜ੍ਹਾਈ ਕਰਨ ਲਈ 150 ਘੰਟਿਆ ਦਾ ਪ੍ਰਯੋਗ ਕਰ ਸਕਣ ।
- ਸਾਰਿਆ ਨਾਲ ਉਮਰ, ਧਰਮ ਜਾਂ ਦੇਸ ਦੇ ਵੱਖ ਵਾਦ ਤੋ ਬਿਨਾ ਵਿਵਹਾਰ ਕੀਤਾ ਜਾਵੇ ਤਾ ਕੇ ਸਾਰੇ ਕੰਮ ਕਰਨ ਵਾਲੇ ਆਦਰ ਅਤੇ ਗਰਵ ਨਾਲ ਜਿਉਂਦੇ ਹੋਏ ਇਕੱਠੇ ਕੰਮ ਕਰ ਸਕਣ ।
- ਜਿਵੇ ਕੇ ਆਪ ਸਭ ਨੂੰ ਪਤਾ ਹੀ ਹੈ ਕੇ ਪਿਛਲੇ ਸਾਲਾ ਵਿੱਚ ਹਰ ਚੀਜ ਦੀਆ ਕੀਮਤਾ ਬਹੁਤ ਵਧੀਆਂ ਹੰਨ ਇਸ ਲਈ ਸਾਰੇ ਕੰਮ ਕਰਨ ਵਾਲਿਆ ਲਈ 135 EURO ਤਨਖਾਹ ਵਧਾਉਣ ਦੀ ਮੰਗ ਕੀਤੀ ਜਾਵੇਗੀ । ਪਰ ਇਸ ਗੱਲ ਦਾ ਫੈਸਲਾ ਵੋਟਾ ਪਾਕੇ ਕੀਤਾ ਜਾਵੇਗਾ ਕੇ ਇਹ ਪੈਸੇ ਸਾਰਿਆ ਦੇ ਬਰਾਬਰ ਵਧਣੇ ਚਾਹੀਦੇ ਹੰਨ ਜਾਂ ਜਿਵੇ ਪਿਛਲੇ ਸਾਲਾ ਵਿੱਚ ਜਾਣੀ ਲਿਵੇਲੋ ਦੇ ਹਿਸਾਬ ਨਾਲ ।

## DIRITTI : PUNTI SPECIFICI PER LE LAVORATRICI E I LAVORATORI MIGRANTI

### ਵਿਦੇਸ਼ੀਆਂ ਲਈ ਸਹੂਲਤਾ

- ਫੈਕਟਰੀਆਂ ਵਿੱਚ ਇਸ ਗੱਲ ਦੀ ਗਰੰਟੀ ਦਿੱਤੀ ਜਾਵੇ ਕੇ ਸਾਰੇ ਵਿਦੇਸ਼ੀ BANCA ORE ਦਾ ਪੂਰਾ ਫਾਇਦਾ ਉਠਾ ਸਕਣ ਅਤੇ ਆਪਣੀਆ ਛੁੱਟੀਆਂ ਜਮਾਂ ਕਰ ਸਕਣ ਤਾਂ ਕੇ ਜਦੋ ਉਹ ਆਪਣੇ ਦੇਸ ਨੂੰ ਜਾਣ ਤਾ ਇਨਾ ਦਾ ਉਪਯੋਗ ਕਰ ਸਕਣ ।
- ਇਸ ਗੱਲ ਦੀ ਪੂਰੀ ਗਰੰਟੀ ਦਿੱਤੀ ਜਾਵੇ ਕੇ ਜਦੋ ਵਿਦੇਸ਼ੀ ਆਪਣੇ ਪੇਪਰ ਜਾਣੀ ਪਰਮੇਸੋ ਦੀ ਸੋਜੋਰਨੋ ਨੀਊ ਆਦਿ ਨੀਊ ਕਰਵਾਉਣ ਜਾਂ ਹੋਰ ਕਿਸੇ ਤਰਾ ਦੀ ਕਾਗਜੀ ਕਾਰਵਾਈ ਕਰਵਾਉਣ ਲਈ ਛੁੱਟੀ ਮੰਗਣ ਤਾ ਮਾਲਕਾ ਵਲੋਂ ਇਨਕਾਰ ਨਾ ਕੀਤਾ ਜਾਵੇ
- ਜਿਨਾ ਫੈਕਟਰੀਆ ਵਿੱਚ ( ਮੇਂਸ ) ਰੋਟੀ ਦਾ ਪਰਬੰਧ ਹੈ ਉਨਾ ਵਿੱਚ ਖਾਣਾ ਬਣਾਉਣ ਵੇਲੇ ਵਿਦੇਸ਼ੀਆ ਦੇ ਧਰਮ ਦਾ ਵੀ ਖਿਆਲ ਰੱਖਿਆ ਜਾਵੇ ।
- ਜਿਹੜੇ ਕੋਨਟਰੈਕਟ ਤੇ ਅਸੀ ਫੈਕਟਰੀ ਵਿੱਚ ਕੰਮ ਸੁਰੂ ਕਰਨ ਵੇਲੇ ਦਸਤਖਤ ਕਰਦੇ ਹਾਂ ਉਹ ਸਾਡੀ ਮਾਤ ਭਾਸਾ ਵਿੱਚ ਵੀ ਲਿਖਿਆ ਹੋਵੇ । ਅਤੇ ਫੈਕਟਰੀਆ ਇਸ ਗੱਲ ਦੀ ਜੁੰਮੇਵਾਰੀ ਲੈਣ ਕੇ ਉਹ ਵਿਦੇਸ਼ੀਆ ਨੂੰ ਇਟਾਲੀਅਨ ਭਾਸਾ ਸਿੱਖਣ ਲਈ ਕੋਰਸ ਵਿੱਚ ਭਾਗ ਲੈਣ ਲਈ ਸਹੂਲਤ ਦੇਣ ਅਤੇ ਮੱਦਦ ਕਰਨ ।